# ਸੂਤ ਪੁੱਤਰ... ਕਰਨ : ਦਲਿਤ ਪਛਾਣ ਦੀ ਬਿਰਤਾਂਤਕਾਰੀ

ਧਰਮਿੰਦਰ ਸਿੰਘ

ਖੋਜ ਵਿਦਿਆਰਥੀ,

ਪੰਜਾਬੀ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

'ਸੂਤ ਪੁੱਤਰ... ਕਰਨ' ਸਰੂਪ ਸਿਆਲਵੀ ਦੀ ਕਹਾਣੀ 'ਕਹਾਣੀਧਾਰਾ' (ਅਪ੍ਰੈਲ-ਜੂਨ 2010) ਵਿਚ ਛਪੀ ਹੈ। ਇਹ ਪੁਰਾਤਨ ਭਾਰਤੀ ਸਮਾਜ ਵਿਚ ਬਣੀਆਂ ਹੋਈਆਂ ਜਾਤੀਗਤ ਵਿੱਥਾਂ ਦੀ ਤਲਾਸ਼ ਕਰਦੀ ਹੈ। ਇਹ ਕਹਾਣੀ ਮਹਾਂਭਾਰਤ ਨਾਂ ਦੇ ਭਾਰਤੀ ਮਹਾਂਬਿਰਤਾਂਤ ਰਾਹੀਂ ਧਾਰਮਕ ਅਕੀਦਿਆਂ ਅਤੇ ਸਮਾਜਕ ਰੁਤਬਿਆਂ ਨੂੰ ਜੰਗ/ਲੜਾਈ ਦੀ ਵਿਧਾ ਰਾਹੀਂ ਸੰਗਠਤ ਹੁੰਦਿਆਂ ਦਿਖਾਉਂਦੀ ਹੈ। ਸਰੂਪ ਸਿਆਲਵੀ ਨੇ ਭਾਰਤੀ ਇਤਿਹਾਸ ਮਿਥਿਹਾਸ ਦੀਆਂ ਸਦੀਆਂ ਪੁਰਾਣੀਆਂ ਘਟਨਾਵਾਂ ਨੂੰ ਮੁੜ ਤੋਂ ਪੁਨਰ-ਨਿਰਮਤ ਕਰਕੇ ਡੂੰਘੇਰੇ ਸਵਾਲਾਂ ਦੇ ਅਰਥਾਂ ਦੀ ਤਲਾਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਕਹਾਣੀ ਭਾਵੇਂ ਮਹਾਂਭਾਰਤ ਦੀ ਕਹਾਣੀ ਨੂੰ ਸੁਣਾਉਣ ਦੀ ਵਿਧੀ ਰਾਹੀਂ ਨਿਰਮਤ ਕੀਤੀ ਗਈ ਹੈ ਪਰ ਇਹ ਕਹਾਣੀ ਆਪਣੀ ਨਵੀਨ ਬਿਰਤਾਂਤਕ ਵਿਲੱਖਣਤਾ ਨਾਲ ਸਾਨੂੰ ਕਈ ਅਣਗੌਲ਼ੇ ਮਸਲਿਆਂ ਅਤੇ ਸਵਾਲਾਂ ਦੇ ਸਨਮੁੱਖ ਹੀ ਨਹੀਂ ਕਰਦੀ ਸਗੋਂ ਸਾਡੀ ਸੋਚ ਦੀ ਜੜ੍ਹਤਾ ਨੂੰ ਤੋੜਦੀ ਵੀ ਹੈ। ਇਹ ਕਹਾਣੀ ਆਮ ਪਾਠਕ ਲਈ ਮਹਾਂਭਾਰਤ ਦੀ ਕਹਾਣੀ 'ਤੇ ਅਧਾਰਤ ਹੋਣ ਕਾਰਨ ਸਧਾਰਨ ਲੱਗ ਸਕਦੀ ਹੈ ਪਰੰਤੂ ਅਸਲ ਵਿਚ ਇਹ ਕਹਾਣੀ ਅਜਿਹਾ ਪ੍ਰਵਚਨ ਉਸਾਰਦੀ ਹੈ ਜਿਹੜਾ ਕਿ ਸਦੀਆਂ ਪਹਿਲਾਂ ਨਿਰਮਤ ਕੀਤੀ ਗਈ ਦਲਿਤ ਜੀਵਨ ਦੀ ਆਰਕੀਆਲੋਜੀ ਨਾਲ ਸੰਵਾਦ ਰਚਾਉਂਦਾ ਹੈ।

ਸਰੂਪ ਸਿਆਲਵੀ ਇਸ ਕਹਾਣੀ ਰਾਹੀਂ ਜਾਤੀਗਤ ਸਵਾਲਾਂ ਨਾਲ ਨਜਿੱਠਣ ਲਈ ਮਹਾਂਭਾਰਤ ਦੀ ਮਿੱਥ ਵਿਚ ਰੱਖੇ ਗਏ ਜਾਂ ਰਹਿ ਗਏ ਖੱਪਿਆਂ ਅਤੇ ਵਿੱਥਾਂ ਦੀ ਤਲਾਸ਼ ਕਰਦਾ ਹੈ। ਆਧੁਨਿਕ ਅਤੇ ਉਤਰਆਧੁਨਿਕ ਗਿਆਨ ਅਨੁਸ਼ਾਸਨਾਂ ਦੀ ਲੌਅ ਵਿਚ ਉਹ ਇਸ ਮਿੱਥ ਦੀ ਪੁਨਰ ਪੜ੍ਹਤ ਤਿਆਰ ਕਰਦਾ ਹੈ। ਸਦੀਆਂ ਪਹਿਲਾਂ ਭਾਰਤ ਦੇ ਮੂਲ ਵਾਸੀਆਂ ਨੂੰ ਹਾਕਮ ਧਿਰਾਂ ਨੇ ਆਪਣੀ ਸੱਤਾ ਅਤੇ ਤਾਕਤ ਰਾਹੀਂ ਹਾਸ਼ੀਏ ਉਪਰ ਧੱਕ ਦਿੱਤਾ ਜੋ ਅਜੇ ਤੱਕ ਵੀ ਕੇਂਦਰ ਵਿਚ ਆਉਣ ਲਈ ਜੱਦੋ ਜਹਿਦ ਕਰ ਰਹੇ ਹਨ। ਇਹ ਕਹਾਣੀ ਮਹਾਂਭਾਰਤ ਦੇ ਪ੍ਰਵਚਨ ਰਾਹੀਂ ਦਰਸਾਉਂਦੀ ਹੈ ਕਿ ਭਾਰਤ ਦੀ ਚੀੜ੍ਹੀ ਜਾਤੀਵਾਦੀ ਸਮਾਜਕ ਸੰਰਚਨਾ ਕਿਵੇਂ ਹੋਂਦ ਗ੍ਰਹਿਣ ਕਰਦੀ ਹੈ। ਗੋਰੀ ਚਮੜੀ ਵਾਲੀ ਆਰੀਆ ਨਸਲ ਨੇ ਕਿਵੇਂ ਕਾਲ਼ੇ ਮੂਲ ਵਾਸੀਆਂ ਨੂੰ ਜੰਗਲੀ ਜੀਵਨ ਬਿਤਾਉਣ ਲਈ ਮਜ਼ਬੂਰ ਕੀਤਾ। ਕੰਮ ਦੇ ਅਧਾਰ 'ਤੇ ਕੀਤੀ ਗਈ 'ਵਰਣ ਵੰਡ' ਨੂੰ ਸਥਾਪਤ ਬ੍ਰਾਹਮਣਵਾਦੀ ਦਰਸ਼ਨ ਨੇ ਕਿਵੇਂ 'ਕਿਰਤ ਦੀ ਵੰਡ' ਨਾਲ ਜੋੜ ਕੇ ਜਨਮ ਅਧਾਰਤ ਵੰਡ ਵਿਚ ਰੂਪਾਂਤਰਿਤ ਕਰ ਦਿੱਤਾ। ਨਿਸ਼ਾਦ, ਦਲਿਤ ਜਾਂ ਸ਼ੂਦਰਾਂ ਨੂੰ ਜੰਗਾਂ, ਯੁੱਧਾਂ ਅਤੇ ਸ਼ਾਸਤਰ ਤੇ ਸ਼ਸਤਰ ਵਿੱਦਿਆ ਤੋਂ ਕਿਉਂ ਦੂਰ ਰੱਖਿਆ ਗਿਆ ? ਇਨ੍ਹਾਂ ਸਾਰੇ ਪ੍ਰਸ਼ਨਾਂ ਨੂੰ ਇਹ ਕਹਾਣੀ ਉਠਾਉਂਦੀ ਹੈ। ਜਿਸ ਵੱਡੇ ਸਵਾਲ ਨੂੰ ਇਹ ਕਹਾਣੀ ਮੁਖ਼ਾਤਬ ਹੁੰਦੀ ਹੈ ਉਹ ਹੈ ਦਲਿਤ ਪਛਾਣ, ਦਲਿਤ ਤ੍ਰਿਸਕਾਰ ਅਤੇ ਦਲਿਤ ਮੁਕਤੀ ਦਾ ਪ੍ਰਸ਼ਨ। ਹਾਕਮ ਬਣੀਆਂ ਧਿਰਾਂ ਨੇ ਦਲਿਤਾਂ, ਸ਼ੂਦਰਾਂ ਜਾਂ ਨਿਸ਼ਾਦ ਲੋਕਾਂ ਨੂੰ ਸਮਾਜਕ ਤੌਰ 'ਤੇ ਨੀਵੇਂ ਦਰਸਾਉਣ ਲਈ ਬ੍ਰਾਹਮਣਵਾਦੀ ਦਰਸ਼ਨ ਨੂੰ ਹਥਿਆਰ ਵਜੋਂ ਵਰਤਿਆ। ਵੇਦਾਂ, ਪੁਰਾਣਾਂ, ਉਪਨਿਸ਼ਦਾਂ ਅਤੇ ਹੋਰਨਾਂ ਧਰਮ ਅਤੇ ਨੀਤੀਗਤ ਗ੍ਰੰਥਾਂ ਦੀ ਟੈਕਸਟ ਨੂੰ ਪ੍ਰਵਚਨ ਦੇ ਤੌਰ 'ਤੇ ਵਰਤਿਆ। ਇਸ ਪ੍ਰਵਚਨ ਦੀ ਤਾਕਤ ਨਾਲ ਦਲਿਤ ਲੋਕਾਂ ਨੂੰ ਸਵਰਨ ਕੌਮਾਂ ਨੇ ਸ਼ਾਸਤਰਾਂ ਦੇ ਗਿਆਨ ਅਤੇ ਸ਼ਸਤਰਾਂ ਦੀ ਸਿਖਲਾਈ ਤੋਂ ਸੱਖਣੇ ਕਰ ਦਿੱਤਾ। ਇਸ ਪ੍ਰਕਾਰ ਸਵਰਨ ਸਮਾਜ ਨੇ ਸੱਤਾ ਦੀ ਤਾਕਤ ਅਤੇ ਗਿਆਨ ਦੀ ਸ਼ਕਤੀ ਰਾਹੀਂ ਵਿਚਾਰਧਾਰਾ ਤੋਂ ਸੱਖਣੇ ਦਲਿਤ ਮੂਲਵਾਸੀਆਂ ਨੂੰ ਦਾਸਾਂ ਅਤੇ ਸੇਵਾਦਾਰਾਂ ਵਿਚ ਰੂਪਾਂਤਰਿਤ ਕਰ ਦਿੱਤਾ। "ਇਸ ਦਰਸ਼ਨ ਨੇ ਹਾਕਮ ਜਮਾਤ ਲਈ ਅਜਿਹਾ ਫਾਇਦੇਮੰਦ ਕੰਮ ਕੀਤਾ ਕਿ ਦਮਿਤ ਜਮਾਤ ਉਪਰਲੀ ਜਮਾਤ ਨਾਲ ਸਿੱਧਾ ਭਿੜਨ ਦੀ ਬਜਾਏ ਦਮਿਤ ਜਮਾਤਾਂ ਜਾਤੀ ਦੇ ਪ੍ਰਵਚਨ ਰਾਹੀਂ ਆਪਸ ਵਿਚ ਭਿੜਨ ਲੱਗੀਆਂ, ਭਾਵ ਕਿ ਹਾਕਮੀ ਵਿਚਾਰਧਾਰਾ ਦਾ ਪ੍ਰਵਚਨ ਦਮਿਤ ਜਮਾਤ ਦੀ ਵਿਚਾਰਧਾਰਾ ਬਣ ਗਿਆ। ਸਮਾਜ ਵਿਚ ਹੋਈ ਕੰਮ ਵੰਡ ਖਾਨਦਾਨੀ ਪੇਸ਼ਾ ਬਣ ਗਈ ਅਤੇ ਅਜਿਹਾ ਕੰਮ ਹਾਕਮੀ ਪ੍ਰਵਚਨ ਨੇ ਸਭਿਆਚਾਰ ਰਾਹੀਂ ਹੀ ਕੀਤਾ। ਬ੍ਰਾਹਮਣਵਾਦੀ ਦਰਸ਼ਨ ਨੇ ਹਾਕਮੀ ਜਮਾਤ ਨੂੰ ਬਚਾਉਣ ਲਈ ਵੱਖ-ਵੱਖ ਸੱਤਾਵਾਂ ਦਾ ਸਹਾਰਾ ਲਿਆ ਅਤੇ ਉਹਨਾਂ ਸੱਤਾਵਾਂ ਦੇ ਪ੍ਰਵਚਨ ਨੂੰ ਵੱਖ-ਵੱਖ ਚਿਹਨਾਂ ਰਾਹੀਂ ਹੋਂਦ ਵਿਚ ਲਿਆਂਦਾ।

ਬ੍ਰਾਮਣਿਕ ਦਰਸ਼ਨ ਨੇ ਹਾਕਮ ਜਮਾਤ ਲਈ ਰੱਬ ਦੇ ਨਾਂ ਹੇਠ ਨਰਕ, ਸਵਰਗ, ਪੁਨਰ ਜਨਮ, ਯੋਨੀ, ਪਿਤਾ, ਰਾਜਾ, ਕਿਸਮਤ, ਬ੍ਰਾਹਮਣ, ਜਾਤ, ਪਿਛਲੇ ਜਨਮਾਂ ਦਾ ਫ਼ਲ ਆਦਿ ਅਨੇਕਾਂ ਸੱਤਾਵਾਂ ਅਤੇ ਉਨ੍ਹਾਂ ਦੇ ਪ੍ਰਵਚਨਾਂ ਨਾਲ ਬੰਦੇ ਨੂੰ ਕਾਬੂ ਕਰ ਲਿਆ ਅਤੇ ਬੰਦੇ ਦੀ ਬਿਹਤਰੀ ਦੇ ਕਈ ਢੌਂਗ, ਕਰਮਕਾਂਡ ਸਥਾਪਤ ਕਰ ਦਿੱਤੇ। ਨਿੱਕੀਆਂ ਜਾਤਾਂ 'ਚ ਜੰਮਣਾ, ਦੁੱਖ, ਪੀੜਾ, ਭੁੱਖ, ਜੂਠ, ਸੇਵਾ, ਸੰਗਤ ਆਦਿ ਉਹਨਾਂ ਦੀ ਕਿਸਮਤ ਬਣਾ ਦਿੱਤਾ ਗਿਆ। ਹੱਥੀਂ ਕਿਰਤ ਕਰਨਾ ਸ਼ੂਦਰ ਦੇ ਹਿੱਸੇ ਆਇਆ ਅਤੇ ਗਿਆਨ/ਹਕੂਮਤ ਬ੍ਰਾਹਮਣ, ਕਸ਼ਤਰੀ ਦੇ ਹਿੱਸੇ ਦੀ ਚੀਜ਼ ਬਣ ਗਿਆ।"[1]

ਇਸ ਸਮੁੱਚੀ ਗਿਆਨ ਪ੍ਰਣਾਲੀ ਨੂੰ ਧਰਮ ਦੀ ਪਰਤ ਚੜ੍ਹਾ ਦਿੱਤੀ ਗਈ। ਜੇਕਰ ਕੋਈ ਨੀਚ ਸਮਝੀ ਜਾਂਦੀ ਜਾਤ ਦਾ ਵਿਅਕਤੀ ਇਹਨਾਂ ਨੂੰ ਤੋੜਨ ਦਾ ਯਤਨ ਕਰਦਾ ਸੀ ਜਾਂ ਭੁਲੇਖੇ ਨਾਲ ਤੋੜ ਬੈਠਦਾ ਸੀ ਤਾਂ ਉਸ ਲਈ ਉਲੰਘਣ ਕਰਨ ਦੇ ਦੋਸ਼ ਵਿਚ ਸਖ਼ਤ ਸਜ਼ਾਵਾਂ ਨਿਰਧਾਰਤ ਸਨ। ਇਸ ਕਹਾਣੀ ਵਿਚ ਪ੍ਰਸਤੁਤ ਇਕਲਵਿਆ ਦੀ ਕਥਾ ਇਸੇ ਪ੍ਰਸੰਗ ਵਿਚ ਅਰਥ ਗ੍ਰਹਿਣ ਕਰਦੀ ਹੈ। ਗੁਰੂ ਦਰੋਣਾਚਾਰੀਆ ਆਪਣੇ ਟਰੇਨਿੰਗ ਸ਼ਿਵਰ ਵਿਚ ਇਕਲਵਿਆ ਨੂੰ ਸ਼ਸਤਰ ਵਿੱਦਿਆ ਦੇਣ ਤੋਂ ਨਾਂਹ ਕਰ ਦਿੰਦਾ ਹੈ ਪਰ ਉਹ ਦਰੋਣਾਚਾਰੀਆ ਨੂੰ ਗੁਰੂ ਮੰਨ ਕੇ ਸ਼ਾਸਤਰ ਵਿੱਦਿਆ ਹਾਸਲ ਕਰਦਾ ਹੈ। ਵਿਡੰਬਣਾ ਇਹ ਹੈ ਕਿ ਮਹਾਂਬਲੀ ਹੋਣ ਦੇ ਬਾਵਜੂਦ ਉਸਦੀ ਜਾਤੀ ਪਛਾਣ ਉਸ ਨਾਲ ਜੁੜੀ ਰਹਿੰਦੀ ਹੈ। ਸ਼ੂਦਰ ਹੋਣ ਦੇ ਕਾਰਨ ਹੀ ਉਸਨੂੰ ਗੁਰੂ ਦਖਸ਼ਣਾ ਦੇ ਰੂਪ ਵਿਚ ਆਪਣਾ 'ਅੰਗੂਠਾ' ਕਟਵਾਉਣਾ ਪਿਆ। ਉਸ ਦੌਰ ਵਿਚ ਅੰਗੂਠਾ ਕੱਟਿਆ ਜਾਣਾ ਕੋਈ ਸਧਾਰਨ ਘਟਨਾ ਨਹੀਂ ਹੈ। ਇਹ ਦਲਿਤ/ਸ਼ੂਦਰ ਦੁਆਰਾ ਗਿਆਨ ਅਤੇ ਸ਼ਾਸਤਰ ਸ਼ਕਤੀ ਨਾਲ ਲੈਸ ਹੋ ਚੁੱਕੇ ਬੰਦੇ ਦੀ ਪਛਾਣ (Identity) ਖਤਮ ਕਰਨਾ ਹੈ। ਅੰਗੂਠਾ ਗਿਆਨ ਅਤੇ ਸ਼ਕਤੀ ਦਾ ਚਿਹਨ ਹੈ। ਬਾਇਲੋਜੀਕਲੀ ਅੰਗੂਠਾ ਮਨੁੱਖੀ ਸਰੀਰ ਦੀ ਸਮੁੱਚੀ ਪ੍ਰਕਿਰਿਆ ਵਿਚ ਅਹਿਮ ਹਿੱਸਾ ਪਾਉਂਦਾ ਹੈ। ਇਹ ਸਰੀਰ ਦਾ ਅਜਿਹਾ ਅੰਗ ਹੈ ਜਿਸਨੇ ਮਨੁੱਖ ਦੇ ਸਭਿਅਕ ਹੋਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਅਧੋਜਡ ਸਥਿਤੀ ਵਿਚ ਹੋਣ ਕਾਰਨ ਅੰਗੂਠਾ ਅਜ਼ਾਦੀ ਦਾ ਪ੍ਰਤੀਕ ਹੈ। ਮਹਾਂਭਾਰਤ ਵਿਚ ਇਕਲਵਿਆ ਦਾ ਅੰਗੂਠਾ ਕੱਟਿਆ ਜਾਣਾ ਸ਼ੂਦਰਾਂ ਦੇ ਗਿਆਨ ਅਤੇ ਸ਼ਾਸਤਰ ਵਿੱਦਿਆ ਤੋਂ ਨਿਹੱਥੇ ਕਰਨ ਦਾ ਸਬੱਬ ਬਣਦਾ ਹੈ।

ਇਹ ਕਹਾਣੀ ਜਾਤੀ ਪਛਾਣ ਦੇ ਗੁੰਝਲਸ਼ੀਲ ਸਵਾਲ ਨੂੰ ਮੁਖ਼ਾਤਬ ਹੁੰਦੀ ਹੈ ਕਿ ਮਹਾਂਭਾਰਤ ਵਿਚ ਸੂਤ ਪੁੱਤਰ 'ਕਰਨ' ਮਹਾਂਬਲੀ ਯੋਧਾ ਵੀ ਸੀ। ਅੰਗ ਰਾਜ ਦਾ ਰਾਜਾ ਵੀ ਬਣ ਗਿਆ ਪਰ ਸ਼ੂਦਰ ਹੋਣ ਦੀ ਜਾਤੀਗਤ ਪਛਾਣ ਕਾਰਨ ਉਸ ਨੂੰ ਮਹਾਂਭਾਰਤ ਦੇ ਜੰਗ ਵਿਚ ਲੜਨ ਦੀ ਇਜ਼ਾਜਤ ਨਾ ਦਿੱਤੀ ਗਈ। ਇਹ ਹੈ ਭਾਰਤੀ ਬ੍ਰਾਹਮਣਕ ਦਰਸ਼ਨ ਦੀ ਅਸਲ ਸਚਾਈ ਜਿਹੜੀ ਸਦੀਆਂ ਤੋਂ ਸ਼ੂਦਰ ਦੀ ਤਾਕਤ ਨੂੰ ਖੁੰਢਾ ਕਰਨ ਦਾ ਦਾਰਸ਼ਨਿਕ ਓਹਲਾ ਸਿਰਜਦੀ ਆਈ ਹੈ। ਸਰੂਪ ਸਿਆਲਵੀ ਨੇ ਕਹਾਣੀ ਵਿਚ ਇਸ ਦਾਰਸ਼ਨਿਕ ਸਚਾਈ ਨੂੰ ਕੋਡ ਕੀਤਾ ਹੈ। ਪ੍ਰਧਾਨ ਸੈਨਾਪਤੀ ਭੀਸ਼ਮ ਪਿਤਾਮਾ ਨੇ ਕਿਹਾ ਸੀ –

> "ਹੇ ਕਰਨ ਤੂੰ ਸੂਤ ਪੁੱਤਰ ਹੈ ਇਸ ਲਈ ਤੂੰ ਮਹਾਂਭਾਰਤ ਦੇ ਯੁੱਧ ਵਿਚ ਭਾਗ ਨਹੀਂ ਲੈ ਸਕਦਾ।" (ਸੂਤ ਪੁੱਤਰ... ਕਰਨ, ਕਹਾਣੀਧਾਰਾ ਅਪ੍ਰੈਲ-ਜੂਨ 2010, ਪੰਨਾ 3)

ਭਾਰਤੀ ਸਮਾਜ ਵਿਚ ਛੂਤ-ਛਾਤ, ਪਵਿੱਤਰਤਾ-ਅਪਵਿੱਤਰਤਾ, ਸ਼ੁੱਧ-ਅਸ਼ੁੱਧ, ਭਿੱਟ-ਭਾਵ ਆਦਿ ਸਭ ਵੇਰਵੇ ਜਾਤ ਦੇ ਭਾਵਬੋਧ ਨਾਲ ਜੁੜੇ ਹੋਏ ਹਨ। ਮਹਾਂਰਥੀ ਕਰਨ ਨੂੰ ਇਸ ਕਰਕੇ ਹੀ ਤ੍ਰਿਸਕਾਰ ਸਹਿਣਾ ਪਿਆ। ਸਰੂਪ ਸਿਆਲਵੀ ਨੇ ਮਹਾਂਭਾਰਤ ਦੇ ਸਮੁੱਚੇ ਪ੍ਰਕਰਨ ਵਿਚੋਂ ਕਰਨ ਦੀ ਖੰਡਿਤ ਸਾਈਕਾਲੋਜੀ ਨੂੰ ਉਸਾਰਨ ਦਾ ਯਤਨ ਕੀਤਾ ਹੈ। ਕਹਾਣੀ ਦੇ ਵੇਰਵਿਆਂ ਅਨੁਸਾਰ ਕਰਨ ਦੀਆਂ ਰਗਾਂ ਵਿਚ ਕਸ਼ੱਤਰੀਆਂ ਦਾ ਖ਼ੂਨ ਗਰਦਿਸ਼ ਕਰ ਰਿਹਾ ਸੀ। ਉਸ ਦੀ ਪਾਲਣਹਾਰ ਅਧੀਰਥ ਦੀ ਪਤਨੀ ਰਾਧਾ ਹੈ। ਜੰਗਲਾਂ ਵਿਚ ਤਪ ਕਰਨ ਗਿਆ ਉਹ ਨਿਸ਼ਾਦ ਕਬੀਲੇ ਦੇ ਲੋਕਾਂ ਨਾਲ ਰਲ ਗਿਆ। ਇਸ ਕਹਾਣੀ ਵਿਚ ਬ੍ਰਾਹਮਣਵਾਦੀ ਦਰਸ਼ਨ ਦੀ ਤਾਕਤ ਨੂੰ ਮਿਥਕ ਵੇਰਵਿਆਂ ਨਾਲ ਲੈਸ ਕਰਕੇ ਪੇਸ਼ ਕੀਤਾ ਗਿਆ ਹੈ। ਕਰਨ ਨੂੰ ਜਦੋਂ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਉਸਨੂੰ ਜਨਮ ਦੇਣ ਵਾਲੀ ਔਰਤ ਸਵਰਨ ਜਾਤ ਵਿਚੋਂ ਹੈ ਤਾਂ ਉਹ ਸੂਤ ਪੁੱਤਰ ਦੇ ਦਾਗ਼ ਨੂੰ ਧੋਣ ਲਈ ਬ੍ਰਾਹਮਣਵਾਦੀ ਦਰਸ਼ਨ ਦੇ ਅਨੁਕੂਲ ਜੰਗਲਾਂ ਵਿਚ ਗਿਆਨ ਦੀ ਸ਼ਕਤੀ ਹਾਸਲ ਕਰਨ ਖਾਤਰ ਤਪੱਸਿਆ ਲਈ ਜਾਂਦਾ ਹੈ। ਉਸਨੂੰ ਇਹ ਵੀ ਦੱਸਿਆ ਗਿਆ ਸੀ ਕਿ ਤਪੱਸਿਆ ਅਤੇ ਗਿਆਨ ਦੀ ਸ਼ਕਤੀ ਹਾਸਲ ਕਰਨ ਤੋਂ ਬਾਅਦ ਉਸਨੂੰ 'ਸੂਤ ਪੁੱਤਰ' ਹੋਣ ਦੇ ਸੰਤਾਪ ਤੋਂ ਮੁਕਤ ਹੋ ਕੇ ਕਸ਼ੱਤਰੀਆਂ ਵਿਚ ਪ੍ਰਵਾਨ ਕਰ ਲਿਆ ਜਾਵੇਗਾ ਪਰ 'ਕਰਨ' ਉਹਨਾਂ ਲੋਕਾਂ ਨਾਲ ਘੁਲ ਮਿਲ ਗਿਆ ਸੀ ਜਿਹੜੇ ਸੱਤਾ ਵੱਲੋਂ ਹਾਸ਼ੀਏ 'ਤੇ ਧੱਕ ਦਿੱਤੇ ਗਏ ਸਨ। 'ਕਰਨ'

ਦੀ ਨਿਸ਼ਾਦ ਲੋਕਾਂ ਨਾਲ ਸਾਂਝ ਜਾਤ ਨਾਲੋਂ ਵੱਧ ਹਾਲਾਤ ਦੀ ਹੈ। ਇਸ ਕਹਾਣੀ ਦਾ ਪਛਾਣਨਯੋਗ ਨੁਕਤਾ ਇਹ ਹੈ ਕਿ ਜੰਗਲ ਵਿਚ ਰਹਿਣ ਕਾਰਨ ਉਹਨਾਂ ਲੋਕਾਂ ਨੂੰ ਸ਼ਿਕਾਰ ਦੇ ਗੁਣਾਂ ਨਾਲ ਲੈਸ ਹੋਣਾ ਜ਼ਰੂਰੀ ਹੋ ਜਾਂਦਾ ਹੈ। ਇਹ ਸਵੈ-ਰੱਖਿਆ ਲਈ ਵੀ ਜ਼ਰੂਰੀ ਹੈ ਤੇ ਪੇਟ ਦੀ ਭੁੱਖ ਲਈ ਵੀ। ਸ਼ਿਕਾਰੀ ਬਿਰਤੀ ਦਾ ਹੋਣਾ ਇਨ੍ਹਾਂ ਲੋਕਾਂ ਦਾ ਜਨਮ ਜਾਤ ਗੁਣ ਹੈ। ਸ਼ਾਇਦ ਇਹੀ ਕਾਰਨ ਹੈ ਕਿ ਇਹ ਲੋਕ ਤੀਰ ਅੰਦਾਜ਼ੀ ਅਤੇ ਨਿਸ਼ਾਨੇਬਾਜ਼ੀ ਵਿਚ ਮਹਾਂਰਥੀ ਬਣ ਗਏ। ਹੁਣ ਸਵਾਲ ਇਹ ਹੈ ਕਿ ਇਹ ਲੜਾਕੇ, ਜੰਗਜੂ ਅਤੇ ਨਿਪੁੰਨ ਲੋਕ ਜਿਨ੍ਹਾਂ ਨੇ ਵਿਕਸਤ ਸਭਿਆਤਾਵਾਂ ਦਾ ਨਿਰਮਾਣ ਕੀਤਾ, ਗੁਲਾਮਦਾਰੀ ਤੱਕ ਕਿਵੇਂ ਪਹੁੰਚ ਗਏ। ਇਸ ਦਾ ਜਵਾਬ ਵੀ ਕਿਤੇ ਨਾ ਕਿਤੇ ਜਾ ਕੇ ਗਿਆਨ ਅਤੇ ਸੱਤਾ ਦੀ ਤਾਕਤ ਨਾਲ ਜੁੜਦਾ ਹੈ ਜਿਹੜਾ ਉਸ ਸਮੇਂ ਤੱਕ ਬ੍ਰਾਹਮਣਵਾਦੀ ਦਰਸ਼ਨ ਦੇ ਰੂਪ ਵਿਚ ਨਾਮੂਦਾਰ ਹੋ ਚੁੱਕਿਆ ਸੀ। ਹਾਸ਼ੀਆ ਕ੍ਰਿਤਾਂ, ਦਲਿਤ ਲੋਕਾਂ ਦੁਆਰਾ ਸਥਾਪਤੀ ਦੀ ਸੱਤਾ ਨੂੰ ਵੰਗਾਰਨ ਦੇ ਸਮਰੱਥ ਨਾ ਹੋਣ ਦੇਣ ਵਾਲੇ ਮਹਾਂਭਾਰਤ ਵਿਚਲੇ ਵੇਰਵਿਆਂ ਨੂੰ ਇਸ ਕਹਾਣੀ ਵਿਚ ਡੀਕੋਡ ਕੀਤਾ ਗਿਆ ਹੈ। ਗੁਰੂ ਦਰੋ4ਾਚਾਰੀਆ ਦਾ ਪ੍ਰਵਚਨ ਪੇਸ਼ ਹੈ -

> 'ਮੈਂ ਕਸ਼ੱਤਰੀਆਂ ਅਤੇ ਰਾਜਿਆਂ ਨੂੰ ਸ਼ਾਸਤਰ ਵਿੱਦਿਆ ਸਿਖਾਉਂਦਾ ਹਾਂ, ਸ਼ੂਦਰਾਂ, ਸਿਲਪੀਆਂ, ਸੂਤ ਪੁੱਤਰਾਂ ਨੂੰ ਵੇਦਾਂ ਦਾ ਅਧਿਐਨ ਕਰਨ, ਜਾਇਦਾਦ ਬਣਾਉਣ ਤੇ ਸ਼ਾਸਤਰ ਵਿੱਦਿਆ ਸਿੱਖਣ ਦਾ ਅਧਿਕਾਰ ਨਹੀਂ। ਉਹ ਨਾ ਮਾਤਰ ਸੈਨਿਕ ਤਾਂ ਬਣ ਸਕਦੇ ਹਨ .. ਪਰ ਸ਼ਾਸਤਰਧਾਰੀ ਹੋ ਕੇ, ਧਨੁੱਖਧਾਰੀ ਬਣ ਕੇ ਰੱਥ 'ਤੇ ਸਵਾਰ ਹੋ ਕੇ ਯੁੱਧ ਭੂਮੀ ਵਿਚ ਨਹੀਂ ਜਾ ਸਕਦੇ...।' (ਕਹਾਣੀ ਧਾਰਾ, ਪੰਨਾ 6)

ਇਸ ਹਵਾਲੇ ਨਾਲ ਇਹ ਨਿਸ਼ਾਨਦੇਈ ਹੁੰਦੀ ਹੈ ਕਿ ਹਾਕਮ ਧਿਰਾਂ ਦਲਿਤ ਜਾਂ ਸ਼ੂਦਰ ਪ੍ਰਤੀਰੋਧ ਨੂੰ ਗਿਆਨ ਦੀ ਸ਼ਕਤੀ ਰਾਹੀਂ ਸਦੀਆਂ ਤੋਂ ਅਧੀਨ ਰੱਖ ਕੇ ਉਹਨਾਂ ਅੰਦਰ ਪੈਦਾ ਹੁੰਦੀ ਸਰਗਰਮੀ ਨੂੰ ਨਿੱਸਲ਼ ਕਰਦੀਆਂ ਆ ਰਹੀਆਂ ਹਨ। ਇਸੇ ਦੀ ਸ਼ਕਤੀ ਰਾਹੀਂ ਦਲਿਤ ਲੋਕਾਂ ਨੂੰ ਗਿਆਨ ਤੋਂ ਸੱਖਣੇ ਕੀਤਾ ਜਾਂਦਾ ਹੈ ਪਰ ਸਵਰਨ ਅੰਦਰ ਸ਼ਕਤੀ ਦਾ ਸੰਚਾਰ ਕੀਤਾ ਜਾਂਦਾ ਹੈ। ਮਹਾਂਭਾਰਤ ਵਿਚ ਅਰਜੁਨ ਦੇ ਹਥਿਆਰ ਸੁੱਟ ਦੇਣ 'ਤੇ ਕ੍ਰਿਸ਼ਨ ਦੁਆਰਾ ਦਿੱਤਾ ਗਿਆ ਗਿਆਨ ਪ੍ਰਵਚਨ ਬਣ ਕੇ ਅਰਜੁਨ ਦੀ ਠੁੱਸ ਹੋ ਗਈ ਮਾਨਸਿਕਤਾ ਨੂੰ ਮੁੜ ਸੁਰਜੀਤ ਕਰਦਾ ਹੈ। "ਹਾਕਮ ਜਮਾਤ ਕੋਲ ਸਾਧਨ ਹੁੰਦੇ ਹਨ, ਇਸ ਲਈ ਗਿਆਨ ਉਹਨਾਂ ਦੇ ਕਾਬੂ ਵਿਚ ਹੁੰਦਾ ਹੈ ਅਤੇ ਇਸ ਗਿਆਨ ਨੂੰ ਉਹਨਾਂ ਦੇ ਦਾਰਸ਼ਨਿਕ ਸਮੇਂ-ਸਮੇਂ ਤਬਦੀਲ ਵਿਕਸਤ ਕਰਦੇ ਹਨ।"[2]

ਭਾਰਤੀ ਸਮਾਜਕ ਪ੍ਰਬੰਧ ਵਿਚ ਕਿਰਤ ਨੂੰ ਜਨਮ ਅਤੇ ਜਾਤ ਨਾਲ ਜੋੜ ਕੇ ਬਹੁਤ ਚੀੜ੍ਹਾ ਕਰ ਦਿੱਤਾ ਗਿਆ। ਬ੍ਰਾਹਮਣਵਾਦੀ ਵਿਚਾਰਧਾਰਾ ਨੇ ਜਾਤੀਵਾਦੀ ਕੱਟੜਤਾ ਨੂੰ ਲਿਖਤ ਰੂਪ (ਮਨੂਸਿਮਰਤੀ) ਦੇ ਕੇ ਹਮੇਸ਼ਾ ਲਈ ਦਲਿਤ ਦੀ ਹੋਣੀ ਨਿਰਧਾਰਤ ਕਰ ਦਿੱਤੀ ਹੈ। ਮਹਾਂਭਾਰਤ ਦੇ ਹਵਾਲੇ ਦਰਸਾਉਂਦੇ ਹਨ। "ਭਾਰਤ ਵਿਚ ਤਾਂ ਜਾਤ ਲੋਕਾਂ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡਣ ਦੀ ਹੀ ਵਿਵਸਥਾ ਨਹੀਂ ਹੈ ਅਤੇ ਨਾ ਹੀ ਸਿਰਫ਼ ਇਕ ਪੀੜ੍ਹੀ-ਦਰ-ਪੀੜ੍ਹੀ ਆਉਂਦੀ ਨਸਲੀ ਸ਼ੁੱਧਤਾ ਹੈ, ਸਗੋਂ ਇਕ ਮਜ਼ਬੂਤ ਪ੍ਰਬੰਧ ਹੈ। ਨਸਲ ਦੇ ਅਧਾਰ 'ਤੇ ਲੋਕਾਂ ਦੀ ਵਰਗ ਵੰਡ ਦਾ ਅਧਾਰ ਰੰਗ-ਰੂਪ ਜਾਂ ਸਰੀਰਕ ਬਣਤਰ ਹੀ ਨਹੀਂ, ਸਗੋਂ ਵਿਚਾਰਧਾਰਾ ਨੂੰ ਵੀ ਇਸ ਵੰਡ ਦਾ ਅਧਾਰ ਬਣਾਇਆ ਹੈ।"[3] ਸਰੂਪ ਸਿਆਲਵੀ ਨੇ ਇਸ ਪ੍ਰਕਾਰ ਦੀ ਵਿਚਾਰਧਾਰਾ ਦੀ ਨਿਸ਼ਾਨਦੇਈ ਮਹਾਂਭਾਰਤ ਦੀ ਟੈਕਸਟ ਦੇ ਅਧਾਰ 'ਤੇ ਤਲਾਸ਼ਣ ਦੀ ਕੋਸ਼ਿਸ਼ ਕੀਤੀ ਹੈ -

> "ਹੁਣ ਤੁਸੀਂ ਹਸਤਨਾਪੁਰ ਰਾਜ ਦੇ ਸੈਨਿਕਾਂ ਤੋਂ ਡਰਦੇ ਮਾਰੇ ਜੰਗਲਾਂ ਵਿਚ ਘੁੰਮਦੇ ਓ। ਤੁਹਾਡੇ ਕੋਲ ਸਿਰ ਲੁਕਾਉਣ ਲਈ ਥਾਂ ਨਹੀਂ, ਪਰ ਕੁਝ ਹੀ ਸੈਂਕੜੇ ਸਾਲ ਪਹਿਲਾਂ ਤੁਹਾਡੇ ਪੂਰਵਜ ਹਸਤਨਾਪੁਰ ਵਰਗੇ ਨਗਰ ਰਾਜਾਂ ਦੇ ਰਾਜੇ ਹੋਇਆ ਕਰਦੇ ਸਨ। ਉਹਨਾਂ ਕੋਲ ਹਾਥੀ, ਘੋੜੇ, ਰੱਥ, ਸੈਨਾ, ਹਥਿਆਰ, ਆਲੀਸ਼ਾਨ ਭਵਨ ਸਭ ਕੁਝ ਸੀ" (ਕਹਾਣੀਧਾਰਾ, ਪੰਨਾ 9)

ਅਸੀਂ ਦੇਖਦੇ ਹਾਂ ਕਿ ਸਰੂਪ ਸਿਆਲਵੀ ਮਹਾਂਭਾਰਤ ਦੀ ਮਿੱਥ ਨੂੰ ਡੀਕੰਸਟਰਕਟ ਕਰਦਾ ਹੈ। ਮੂਲ ਟੈਕਸਟ ਵਿਚਲੇ ਖੱਪਿਆਂ ਅਤੇ ਵਿੱਥਾਂ ਅੰਦਰਲੇ ਅਰਥਾਂ ਦੀ ਤਲਾਸ਼ ਕਰਦਾ ਹੈ। ਕਰਨ ਦੇ ਉਕਤ ਬੋਲ ਚਿਹਨਾਤਮਕ ਇਸ਼ਾਰੇ ਹਨ ਜਿਹੜੇ ਮਹਾਂਭਾਰਤ ਦੀ ਟੈਕਸਟ ਵਿਚਲੇ ਗੈਰ-ਹਾਜ਼ਰ ਅਰਥਾਂ ਨੂੰ ਅਗਰਭੂਮਿਤ ਕਰਦੇ ਹਨ। ਸਿਆਲਵੀ ਦੀ ਟੈਕਸਟ ਵਿਚਾਰਧਾਰਕ ਤੌਰ 'ਤੇ ਮਨੂਸਿਮਰਤੀ ਦੇ ਓਹਲੇ ਨੂੰ, ਉਸਦੀ ਡਿਪਲੋਮੇਸੀ ਨੂੰ ਅਸਲੀ ਅਰਥਾਂ ਵਿਚ ਸਾਡੇ ਸਨਮੁੱਖ ਰੱਖਦੀ ਹੈ। ਇਹ ਟੈਕਸਟ ਮਨੂਸਿਮਰਤੀ ਦੁਆਰਾ ਨਿਰਮਤ ਕੀਤੇ ਹੋਏ ਪ੍ਰਵਚਨ ਨੂੰ ਵਿਖੰਡਤ ਕਰਦੀ ਹੋਈ ਸਦੀਆਂ ਤੋਂ ਹਾਸ਼ੀਏ 'ਤੇ ਧੱਕ ਦਿੱਤੇ ਗਏ ਦਲਿਤ ਲੋਕਾਂ ਦੀ ਅਸਲੀਅਤ, ਉਹਨਾਂ ਦੇ ਖੁੱਸੇ ਹੋਏ

ਮਾਨਵੀ ਗੌਰਵ ਦੀ ਪਛਾਣ ਲਈ ਇਤਿਹਾਸ ਨੂੰ ਮੁੜ ਤੋਂ ਵਾਚਦੀ ਹੈ। ਮਹਾਂਭਾਰਤ ਦੀ ਟੈਕਸਟ ਨੂੰ ਬੇਸ਼ੱਕ ਮਿਥਿਹਾਸਕ ਮੰਨ ਲਿਆ ਜਾਂਦਾ ਹੈ, ਪਰ ਇਸ ਵਿਚ ਪੇਸ਼ ਹੋਣ ਵਾਲੀਆਂ ਨੀਤੀਗਤ ਘੁਣਤਰਬਾਜ਼ੀਆਂ, ਘਟਨਾਵੀ ਵੇਰਵੇ ਅਤੇ ਰਾਜਸੀ ਸ਼ਕਤੀ ਹਾਸਲ ਕਰਨ ਲਈ ਵਰਤੇ ਜਾਂਦੇ ਸੰਦ; ਸਾਧਨ ਯਥਾਰਥਕ ਪ੍ਰਤੀਤ ਹੁੰਦੇ ਹਨ।

ਕੁੱਝ ਵੀ ਹੋਵੇ ਪਰ ਸਰੂਪ ਸਿਆਲਵੀ ਦੀ ਪ੍ਰਾਪਤੀ ਉਸ ਵੇਲੇ ਦੇ ਹਾਕਮੀ ਪ੍ਰਵਚਨ ਦੁਆਰਾ ਪੈਦਾ ਕੀਤੇ ਬ੍ਰਾਹਮਣਵਾਦੀ ਦਰਸ਼ਨ ਦੇ ਗਿਆਨ (ਵੇਦ) ਦੀ ਸ਼ਕਤੀ ਰਾਹੀਂ ਮੂਲ ਵਾਸੀਆਂ ਨੂੰ ਨਿਯੰਤਰਤ, ਅਨੁਸ਼ਾਸਤ ਅਤੇ ਅਨੁਕੂਲਤ ਕਰਨ ਲਈ ਕੀਤੀ ਗਈ ਘਾੜਤ ਦੀ ਪਛਾਣ ਕਰਨ ਵਿਚ ਹੈ। ਵੇਦ, ਪੁਰਾਣ, ਉਪਨਿਸ਼ਦ ਆਦਿ ਨੂੰ ਸ਼ੁੱਧ ਗਿਆਨ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਇਸ ਗਿਆਨ ਲਈ ਵਰਤੋਂ ਕੀਤੀ ਗਈ ਭਾਸ਼ਾ ਨੇ ਵੀ ਆਮ ਲੋਕਾਂ ਨੂੰ ਕਾਬੂ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਵੇਦਾਂ ਦੀ ਭਾਸ਼ਾ ਸੰਸਕ੍ਰਿਤ ਹੈ। ਇਸ ਭਾਸ਼ਾ ਨੂੰ ਸਿਰਫ਼ ਬ੍ਰਾਹਮਣ ਜਾਂ ਹਾਕਮ ਧਿਰਾਂ ਹੀ ਪੜ੍ਹ ਅਤੇ ਸਿੱਖ ਸਕਦੀਆਂ ਸਨ। ਸ਼ੂਦਰਾਂ ਉਪਰ ਪੂਰੀ ਤਰ੍ਹਾਂ ਪਾਬੰਦੀ ਸੀ। ਭਾਸ਼ਾ ਅਤੇ ਗਿਆਨ ਤੋਂ ਵਿਰਵੇ ਰੱਖਣ ਲਈ ਵੇਦਾਂ, ਸ਼ਾਸਤਰਾਂ ਨੂੰ ਤਕਨੀਕ ਵਾਂਗ ਵਰਤਿਆ ਗਿਆ। ਇਸ ਪ੍ਰਕਾਰ ਗਿਆਨ ਦੀ ਤਾਕਤ ਨਾਲ ਸਦੀਆਂ ਤੱਕ ਲੋਕਾਂ ਦੇ ਇਕ ਹਿੱਸੇ ਨੂੰ ਕਾਬੂ ਵਿਚ ਰੱਖਿਆ ਗਿਆ। ਸਰੂਪ ਸਿਆਲਵੀ ਨੇ ਬ੍ਰਾਹਮਣਵਾਦੀ ਦਰਸ਼ਨ ਦੇ ਗਿਆਨ ਅਤੇ ਸੱਤਾ ਦੀਆਂ ਤਮਾਮ ਵਿਸੰਗਤੀਆਂ, ਵਿਕਰਤੀਆਂ ਨੂੰ ਬਹੁਤ ਹੀ ਗਹਿਰੇ ਯਥਾਰਥਬੋਧ ਦੀ ਪੱਧਰ ਤੱਕ ਉਭਾਰਿਆ ਹੈ। ਉਸ ਨੇ ਭਾਰਤੀ ਸੱਤਾ ਪ੍ਰਤਿਸ਼ਠਾ ਵਾਲੇ ਹਾਕਮੀ ਅਵਚੇਤਨ ਦੀ ਇਤਿਹਾਸਕ-ਮਿਥਿਹਾਸਕ ਖੱਪਿਆਂ/ਵਿੱਥਾਂ ਰਾਹੀਂ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਰਤੀ ਬ੍ਰਾਹਮਣਕ ਵਿਚਾਰਧਾਰਾ ਸੰਬੰਧੀ ਤਸਕੀਨ ਨੇ ਕਿਹਾ ਹੈ ਕਿ ਭਾਰਤ ਵਿਚਲੀ ਹਾਕਮ ਜਮਾਤ ਦਾ ਦਰਸ਼ਨ (ਬ੍ਰਾਮਣਿਕ ਦਰਸ਼ਨ) ਵਿਚਾਰਧਾਰਾ ਸਭ ਤੋਂ ਤਾਕਤਵਰ ਪਦਾਰਥਕ ਤਾਕਤ ਹੈ, ਜਿਸ ਨੇ ਕ੍ਰਾਂਤੀ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਕਿਉਂਕਿ ਇਹ ਪ੍ਰਤੀਰੋਧ ਨੂੰ ਆਪਣੇ ਅੰਦਰ ਆਤਮਸਾਤ ਕਰਕੇ ਆਪਣੇ ਦਰਸ਼ਨ ਨੂੰ ਨਵਾਂ-ਨਕੋਰ ਕਰੀ ਰੱਖਦਾ ਅਤੇ ਹਰ ਸਮੇਂ ਨਵੇਂ-ਨਵੇਂ ਗ੍ਰੰਥ ਇਸ ਦੀ ਤਾਕਤ ਲਈ ਊਰਜਾ ਬਣਦੇ ਰਹਿੰਦੇ। ਬ੍ਰਾਹਮਣਿਕ ਵਿਚਾਰਧਾਰਾ/ਦਰਸ਼ਨ ਦੇ ਤਾਕਤੀ ਜਲੌਅ ਲਈ ਅਨੇਕਾਂ ਉਪਨਿਸ਼ਦ, ਪ੍ਰਾਣ ਸਿਮਰਤੀਆਂ, ਰਮਾਇਣਾਂ ਰਾਹੀਂ ਪ੍ਰਵਚਨ ਨੂੰ ਸਮੇਂ-ਸਮੇਂ ਸਿਰ ਘੜਦੇ/ਵਰਤਦੇ ਰਹੇ। ਇਸੇ ਕਾਰਨ ਉਹਨਾਂ ਨੂੰ ਮਨੁੱਖ ਦੇ ਪ੍ਰਤੀਰੋਧ ਲਈ ਫ਼ੌਜ/ਪੁਲਿਸ ਦੀ ਲੋੜ ਨਾ ਪੈਂਦੀ ਅਤੇ ਉਹ ਇਹਨਾਂ ਲੋਕਾਂ ਨੂੰ ਸੱਤਾ ਦੇ ਪ੍ਰਵਚਨ ਰਾਹੀਂ ਹੀ ਵੱਸ ਵਿਚ ਕਰ ਲੈਂਦੇ ਸਨ।[3]

'ਸੂਤ ਪੁੱਤਰ...ਕਰਨ' ਕਹਾਣੀ ਵਿਚੋਂ ਉਕਤ ਤਾਕਤ ਦੇ ਸੰਦਰਭ ਨੂੰ ਦੇਖਿਆ ਜਾ ਸਕਦਾ ਹੈ।

ਇਸ ਕਹਾਣੀ ਦਾ ਇਕ ਅਹਿਮ ਪਾਸਾਰ ਉਸ ਦੌਰ ਵਿਚ ਔਰਤ ਦੀ ਹਾਸ਼ੀਆਕ੍ਰਿਤ ਸਥਿਤੀ ਨਾਲ ਜੁੜਿਆ ਹੋਇਆ ਹੈ। ਇਸ ਵਿਚ ਮਹਾਂਭਾਰਤ ਦੇ ਬਿਰਤਾਂਤਕ ਪਾਸਾਰੇ ਵਿਚੋਂ ਪ੍ਰਮੁੱਖ ਤੌਰ 'ਤੇ ਦੋ ਔਰਤਾਂ ਨੂੰ ਰੇਖਾਂਕਿਤ ਕੀਤਾ ਹੈ। ਇਕ ਹੈ 'ਕਰਨ' ਨੂੰ ਜਨਮ ਦੇਣ ਤੇ ਸਮਾਜਕ ਕੱਟੜਤਾ ਦੇ ਡਰੋਂ ਤਿਆਗ ਦੇਣ ਵਾਲੀ 'ਕੁੰਤੀ' ਅਤੇ ਦੂਸਰੀ ਔਰਤ ਹੈ ਪੰਜਾਂ ਪਾਂਡਵਾਂ ਦੀ ਸਾਂਝੀ ਪਤਨੀ ਬਣਨ ਵਾਲੀ ਦਰੋਪਤੀ। ਇਹ ਕਹਾਣੀ ਇਸ ਵਿੱਥ ਨੂੰ ਵੀ ਤਲਾਸ਼ ਕਰਦੀ ਹੈ ਕਿ ਆਰੀਆ ਦੇ ਆਉਣ ਤੋਂ ਪਹਿਲਾਂ ਭਾਰਤੀ ਨਿਸ਼ਾਦ ਲੋਕਾਂ ਜਾਂ ਹੋਰਨਾਂ ਜੰਗਲੀ ਕਬੀਲਿਆਂ ਵਿਚ 'ਪਿੱਤਰ ਸੱਤਾ' ਦੀ ਬਜਾਏ 'ਮਾਤਰ ਸੱਤਾ' ਕਾਇਮ ਸੀ। ਔਰਤ ਨੂੰ ਪਰਿਵਾਰ ਵਿਚ ਕੇਂਦਰੀ ਸਥਾਨ ਹਾਸਲ ਸੀ। ਐਥੋਂ ਤੱਕ ਕਿ ਕਿਸੇ ਅਣਵਿਆਹੀ ਮਾਂ ਦੇ ਬੱਚੇ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ ਸੀ। ਸਾਰੇ ਬੱਚੇ ਕਬੀਲੇ ਦੇ ਸਾਂਝੇ ਬੱਚੇ ਸਨ। ਭਾਰਤ ਵਿਚ ਆਰੀਆ ਦੇ ਪਰਵੇਸ਼ ਨਾਲ ਇਹ ਸਥਿਤੀ ਉਲਟ ਹੋ ਜਾਂਦੀ ਹੈ। ਔਰਤ ਵੀ ਦਲਿਤ ਲੋਕਾਂ ਵਾਂਗ ਹਾਸ਼ੀਏ 'ਤੇ ਧੱਕ ਦਿੱਤੀ ਜਾਂਦੀ ਹੈ। ਘਰ ਦੀ ਇੱਜਤ ਦਾ ਸੰਕਲਪ ਔਰਤ ਨਾਲ ਜੋੜ ਦਿੱਤਾ ਜਾਂਦਾ ਹੈ। ਸ਼ਾਇਦ ਇਸੇ ਕਰਕੇ ਹੀ ਕੁੰਤੀ ਨੂੰ ਪੁੱਤਰ ਮੋਹ ਦੇ ਬਾਵਜੂਦ ਕਰਨ ਤੋਂ ਵਿੱਥ ਥਾਪਣੀ ਪਈ। ਇਸੇ ਪ੍ਰਕਾਰ ਦਰੋਪਤੀ ਨੂੰ ਰਾਜ ਪੁੱਤਰੀ ਹੋਣ ਦੇ ਬਾਵਜੂਦ ਮਰਦ ਸੱਤਾ ਨੇ ਉਸ ਨੂੰ ਗ਼ੁਲਾਮ ਦੀ ਤਰ੍ਹਾਂ ਵਰਤਿਆ। ਅਰਜੁਨ ਨੇ ਸਵੰਬਰ ਦੀ ਸ਼ਰਤ ਪੂਰੀ ਕਰਕੇ ਉਸ ਨੂੰ ਪਰਣਾਇਆ ਪਰ ਵਿਡੰਬਣਾ ਇਹ ਹੈ ਕਿ ਉਸ ਨੂੰ ਪੰਜਾਂ ਪਾਂਡਵਾਂ ਦੀ ਪਤਨੀ ਬਣ ਕੇ ਹੀ ਨਹੀਂ ਰਹਿਣਾ ਪਿਆ ਸਗੋਂ ਇਕ ਵਸਤੂ ਦੀ ਤਰ੍ਹਾਂ ਜੂਏ ਦੀ ਬਾਜ਼ੀ ਦੇ ਇਵਜ਼ ਵਿਚ ਕੌਰਵਾਂ ਕੋਲ ਵਿਕਣਾ ਵੀ ਪਿਆ। ਇਸ ਤਰ੍ਹਾਂ ਇਹ ਕਹਾਣੀ ਪਰੰਪਰਕ ਦੌਰ ਵਿਚ ਖੁੱਸ ਰਹੇ ਨਾਰੀ ਗੌਰਵ, ਨਾਰੀ ਸ਼ਕਤੀ ਅਤੇ ਮਾਤਰਤਵ ਦੇ ਮਸਲਿਆਂ ਨਾਲ ਵੀ ਗੰਭੀਰ ਸੰਵਾਦ ਰਚਾਉਂਦੀ ਹੈ।

ਇਥੇ ਪਛਾਣਨਯੋਗ ਨੁਕਤਾ ਇਹ ਹੈ ਕਿ ਦਰੋਪਤੀ ਆਪ ਤਾਂ ਭਾਵੇਂ ਗ਼ੁਲਾਮਾਂ ਵਰਗਾ ਜੀਵਨ ਜਿਉਣ ਲਈ ਮਜ਼ਬੂਰ ਹੋ ਗਈ ਸੀ ਪਰ ਉਸ ਦੇ ਅਵਚੇਤਨ ਵਿਚ ਉਚਿਤਾ ਦੀ ਭ੍ਰਾਂਤੀ ਗਹਿਰੀ ਤਰ੍ਹਾਂ ਧਸੀ ਹੋਈ ਸੀ। ਇਹੀ ਕਾਰਨ ਸੀ ਕਿ ਦਰੋਪਤੀ ਦੁਆਰਾ ਆਪਣੇ

ਸੁਵੰਬਰ ਲਈ ਰੱਖੀ ਗਈ ਸ਼ਰਤ ਪੂਰੀ ਕਰਨ ਦੀ ਸੰਭਾਵਨਾ ਰੱਖਣ ਵਾਲੇ ਮਹਾਂਬਲੀ, ਯੋਧੇ, ਤੀਰਅੰਦਾਜ਼ 'ਕਰਨ' ਨੂੰ ਪਤੀ ਵਜੋਂ ਸਵੀਕਾਰ ਕਰਨ ਤੋਂ ਇਨਕਾਰੀ ਹੋ ਜਾਂਦੀ ਹੈ ਕਿਉਂਕਿ ਕਰਨ ਮਹਾਂਬਲੀ ਹੋਣ ਦੇ ਬਾਵਜੂਦ ਸੂਤ ਪੁੱਤਰ ਹੈ। ਸਰੂਪ ਸਿਆਲਵੀ ਨੇ ਇਸ ਮਹੀਨ ਸਚਾਈ ਨੂੰ ਸਮੱਗਰਤਾ ਨਾਲ ਪਕੜਿਆ ਹੈ।

ਔਰਤ ਉਪਰ ਮਰਦ ਦਾਅਵੇਦਾਰੀ ਨੂੰ ਪਛਾਣਨ ਲਈ ਇਸ ਕਹਾਣੀ ਵਿਚ ਧਿਰਤਰਾਸ਼ਟਰ ਦੀ ਪਤਨੀ ਦੀ ਉਦਾਹਰਣ ਪੇਸ਼ ਕੀਤੀ ਹੈ। ਕੰਧਾਰੀ ਜਗੀਰਦਾਰੀ ਦੌਰ ਦੀ ਸਮੁੱਚੀ ਔਰਤ ਜਾਤ ਦੀ ਪ੍ਰਤੀਨਿਧਤਾ ਕਰਦੀ ਹੈ। ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਦੌਰ ਵਿਚ ਮਹਾਂਰਾਣੀ 'ਗੰਧਾਰੀ' ਦੀ ਹਾਲਤ ਇਹ ਹੈ ਤਾਂ ਸਾਧਾਰਣ ਔਰਤ ਦੀ ਸਥਿਤੀ ਕੀ ਹੋਵੇਗੀ ? ਗੰਧਾਰੀ ਅੰਨ੍ਹੇ ਪਤੀ ਦੇ ਬਰਾਬਰ ਜਾਂ ਅੱਗੇ ਨਹੀਂ ਸਗੋਂ ਸਮਾਜਕ ਮਰਯਾਦਾ ਵਿਚ ਬੰਨ੍ਹੀ ਹੋਈ ਅੱਖਾਂ 'ਤੇ ਪੱਟੀ ਬੰਨ੍ਹ ਕੇ ਪਤੀ ਦੇ ਪਿੱਛੇ-ਪਿੱਛੇ ਤੁਰਦੀ ਰਹਿੰਦੀ ਹੈ। ਇਸ ਪ੍ਰਕਾਰ ਬ੍ਰਾਹਮਣਵਾਦੀ ਵਿਚਾਰਧਾਰਾ ਨੇ ਔਰਤ ਦੀ ਅਜ਼ਾਦ ਹਸਤੀ ਨੂੰ ਆਪਣੇ ਅਕੀਦਿਆਂ ਅਨੁਸਾਰ ਬੰਧਨਾਂ ਵਿਚ ਬੰਨ੍ਹ ਕੇ ਅਧੀਨਤਾ ਦਾ ਪ੍ਰਵਚਨ ਪੈਦਾ ਕਰ ਦਿੱਤਾ। ਇਸ ਪ੍ਰਵਚਨ ਹੇਠ ਦਲਿਤ ਅਤੇ ਔਰਤ ਦੋਨੋਂ ਆ ਗਏ। ਅੱਖਾਂ ਉਪਰ ਪੱਟੀ ਔਰਤ ਅੰਦਰ ਪੈਦਾ ਹੋ ਰਹੀ ਚੇਤਨਾ, ਗਿਆਨ ਅਤੇ ਸੱਤਾ ਤੋਂ ਸੱਖਣੀ ਰੱਖਣ ਦਾ ਚਿਹਨ ਹੈ। ਇਸ ਕਹਾਣੀ ਦੇ ਬਿਰਤਾਂਤਕ ਵੇਰਵੇ ਨਿਸ਼ਚਿਤ ਕਰਦੇ ਹਨ ਕਿ ਆਰੀਆ ਲੋਕਾਂ ਨੇ ਔਰਤ ਨੂੰ ਉਪਰਲੇ ਪਾਇਦਾਨ ਤੋਂ ਸਰਕਾ ਕੇ ਪੈਰ ਦੀ ਜੁੱਤੀ ਅਤੇ ਸਮੂਹ ਮਰਦਾਂ ਦੀ ਹਿਰਸ ਪੂਰਤੀ ਤੱਕ ਘਟਾ ਦਿੱਤਾ।

ਇਸ ਕਹਾਣੀ ਦਾ ਇਕ ਪਹਿਲੂ ਮਹਾਂਭਾਰਤ ਦੀ ਯੁੱਧਨੀਤੀ ਨਾਲ ਜੁੜਿਆ ਹੈ। ਮਹਾਂਭਾਰਤ ਦੀ ਟੈਕਸਟ ਯੁੱਧ ਨਾਲੋਂ ਜਿਆਦਾ ਯੁੱਧ ਨੀਤੀ ਅਤੇ ਇਸਦੀ ਆਰਕੀਆਲੋਜੀ ਦੀ ਟੈਕਸਟ ਹੈ। ਇਹ ਟੈਕਸਟ ਯੁੱਧ ਦੀ ਰਣਨੀਤੀ ਦੇ ਨਾਲ ਨਾਲ ਯੁੱਧ ਦੇ ਕਾਰਨਾਂ ਦੀ ਵੀ ਨਿਸ਼ਾਨਦੇਈ ਕਰਦੀ ਹੈ। 'ਸੂਤ ਪੁੱਤਰ... ਕਰਨ' ਕਹਾਣੀ ਦੇ ਅਵਚੇਤਨ ਤੋਂ ਇਹ ਪਛਾਣ ਹੁੰਦੀ ਹੈ ਕਿ ਮਹਾਂਭਾਰਤ ਦੇ ਯੁੱਧ ਦਾ ਕਾਰਨ ਨੀਤੀਗਤ ਜਾਂ ਰਾਜ ਭਾਗ ਦੀ ਪ੍ਰਾਪਤੀ ਨਹੀਂ। ਇਹ ਕਾਰਨ ਦੂਜੈਲੇ ਹਨ। ਬਦਲਾ ਅਤੇ ਪਰਿਵਾਰਕ ਰੰਜਿਸ਼ ਪ੍ਰਥਮ ਕਾਰਨ ਹੈ। ਦੋਹਾਂ ਧਿਰਾਂ ਦੁਆਰਾ ਇਕ ਦੂਸਰੇ ਖਿਲਾਫ਼ ਬੋਲੇ ਗਏ ਦੁਰਬਚਨ ਅਤੇ ਭੈੜੇ ਬੋਲ ਯੁੱਧ ਲਈ ਭੂਮੀ ਤਿਆਰ ਕਰ ਦਿੰਦੇ ਹਨ। ਇਸ ਪ੍ਰਕਾਰ 'ਬੋਲ' ਦੀ ਮਹੱਤਤਾ ਉਸ ਦੌਰ ਵਿਚ ਵੀ ਬਲਸ਼ਾਲੀ ਸੀ। 'ਬੋਲ' ਜਾਂ 'ਕੁਬੋਲ' ਦੀ ਤਾਕਤ ਸੀ ਕਿ ਮਹਾਂਭਾਰਤ ਦੇ ਯੁੱਧ ਵਿਚ ਇਕੋ ਪਰਿਵਾਰ ਦੀਆਂ ਦੋ ਧਿਰਾਂ ਆਹਮੋ ਸਾਹਮਣੇ ਖੜ੍ਹੀਆਂ ਹੋ ਗਈਆਂ। ਇਸ ਯੁੱਧ ਵਿਚ 'ਬੋਲ' ਦੀ ਤਾਕਤ ਨੂੰ ਦਰਸਾਉਣ ਵਾਲੀ ਸਭ ਤੋਂ ਮਹੱਤਵਪੂਰਨ ਉਦਾਹਰਣ ਭਗਵਾਨ ਕ੍ਰਿਸ਼ਨ ਵੱਲੋਂ ਅਰਜੁਨ ਨੂੰ ਦਿੱਤਾ ਗਿਆ ਉਪਦੇਸ਼ ਹੈ। ਕ੍ਰਿਸ਼ਨ ਦੇ 'ਬੋਲ' ਵਿਚ ਸੱਤਾ ਅਤੇ ਗਿਆਨ ਦੀ ਤਾਕਤ ਸੀ। ਇਸ ਤਾਕਤ ਦੀ ਪ੍ਰਤਿਬੱਧਤਾ ਨੇ ਅਰਜੁਨ ਨੂੰ ਨਾ ਚਾਹੁੰਦੇ ਹੋਏ ਵੀ ਯੁੱਧ ਕਰਨ ਲਈ ਅਵਚੇਤਨੀ ਤੌਰ 'ਤੇ ਤਿਆਰ ਕਰ ਦਿੱਤਾ। ਇਸ ਪ੍ਰਕਾਰ 'ਬੋਲ' ਦੀ ਸ਼ਕਤੀ ਨੇ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਖਤਮ ਕਰਕੇ ਵੈਰ ਦੇ ਭਾਵਬੋਧ ਨੂੰ ਇੰਨਾ ਪ੍ਰਬਲ ਕਰ ਦਿੱਤਾ ਕਿ ਪਰਿਵਾਰਕ ਕਲੇਸ਼ ਮਹਾਂਭਾਰਤ ਦੇ ਯੁੱਧ ਵਿਚ ਰੂਪਾਂਤਰਤ ਹੋ ਗਿਆ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ 'ਸੂਤ ਪੁੱਤਰ... ਕਰਨ' ਸਰੂਪ ਸਿਆਲਵੀ ਦੀ ਅਜਿਹੀ ਮਹੱਤਵਪੂਰਨ ਕਹਾਣੀ ਹੈ ਜਿਹੜੀ ਸਦੀਆਂ ਪੁਰਾਣੇ ਇਤਿਹਾਸ-ਮਿਥਿਹਾਸ ਦੀ ਪੁਨਰ ਪੜ੍ਹਤ ਤਿਆਰ ਕਰਦੀ ਹੈ। ਇਹ ਸਮਾਜਕ ਵਿੱਥਾਂ ਅਤੇ ਵਖਰੇਵਿਆਂ ਨੂੰ ਮਹਾਂਭਾਰਤ ਦੀ ਟੈਕਸਟ ਨੂੰ ਡੀਕੰਸਟਰਕਟ ਕਰਕੇ ਤਲਾਸ਼ਦੀ ਹੈ। ਇਹ ਕਹਾਣੀ ਦਰਸਾਉਂਦੀ ਹੈ ਕਿ ਕਿਵੇਂ ਬ੍ਰਾਹਮਣਵਾਦੀ ਵਿਚਾਰਧਾਰਾ ਨੇ ਸੱਤਾ ਅਤੇ ਗਿਆਨ ਦੀ ਤਾਕਤ ਰਾਹੀਂ ਹੁਣ ਤੱਕ ਦਲਿਤ ਲੋਕਾਂ ਨੂੰ ਆਪਣੇ ਕਾਬੂ ਵਿਚ ਰੱਖਿਆ। ਸੱਤਾ ਵਿਹੂਣੇ ਨਿਸ਼ਾਦ, ਸ਼ੂਦਰਾਂ ਜਾਂ ਦਲਿਤ ਲੋਕਾਂ ਦੇ ਅਵਚੇਤਨ ਤੱਕ ਇਮਾਨਦਾਰੀ ਅਤੇ ਵਫ਼ਾਦਾਰੀ ਦੀ ਮਿੱਥ ਅਜੇ ਵੀ ਧਸੀ ਹੋਈ ਹੈ ਪਰ ਚਲਾਕੀ, ਮੱਕਾਰੀ ਅਤੇ ਧੋਖਾ ਆਰੀਅਨ ਕੌਮਾਂ ਦੇ ਖ਼ੂਨ ਵਿਚ ਰਚਿਆ ਹੋਇਆ ਹੈ। 'ਸੂਤ ਪੁੱਤਰ - ਕਰਨ ਨੂੰ ਅਰਜੁਨ ਨੇ ਬਹਾਦਰੀ ਨਾਲ ਜਾਂ ਯੁੱਧ ਨੀਤੀ ਨਾਲ ਨਹੀਂ ਸਗੋਂ ਯੁੱਧ ਦੇ ਅਸੂਲਾਂ ਦੇ ਉਲਟ ਫਰੇਬ ਅਤੇ ਧੋਖੇ ਦੀ ਰਾਜਨੀਤੀ ਨਾਲ ਮਾਰਿਆ। ਇਸ ਪ੍ਰਕਾਰ ਇਹ ਕਹਾਣੀ ਦਲਿਤ ਲੋਕਾਂ ਦੇ ਤ੍ਰਿਸਕਾਰ ਅਤੇ ਨਾਬਰਾਬਰੀ ਵਾਲੇ ਲੰਗੜੇ ਇਤਿਹਾਸ ਦੀ ਪੁਨਰ-ਸਿਰਜਣਾ ਹੈ। ਇਹ ਕਹਾਣੀ ਇਤਿਹਾਸਕ-ਮਿਥਿਹਾਸਕ ਵਿੱਥਾਂ ਅਤੇ ਵਖਰੇਵਿਆਂ ਦੀ ਵਿਆਖਿਆ ਕਰਦੀ ਹੋਈ ਇਤਿਹਾਸ ਨੂੰ ਨਵੇਂ ਅਰਥਾਂ ਵਿਚ ਪ੍ਰਸਤੁਤ ਕਰਦੀ ਹੈ।

**ਹਵਾਲਾ ਪੁਸਤਕਾਂ :**


1. ਤਸਕੀਨ, 'ਸੱਤਾ ਦਾ ਪ੍ਰਵਚਨ ਅਤੇ ਸਾਹਿਤ', **ਕਾਵਿ ਲੋਕ** (ਅਪ੍ਰੈਲ-ਜੂਨ 2005), ਪੰਨਾ 19

2. ਉਹੀ, ਪੰਨਾ 19

3. ਡਾ. ਗੁਰਮੀਤ ਸਿੰਘ ਸਿੱਧੂ, **ਭਾਰਤੀ ਸਮਾਜ ਦੇ ਮੂਲ ਅਧਾਰ,** ਅਦਬ ਪ੍ਰਕਾਸ਼ਨ, ਪਟਿਆਲਾ, ਪੰਨੇ 24-25